੧ ਓ ਸ੍ਰੀ ਵਾਹਿਗੁਰੂ ਜੀ ਕੀ ਫਤੇਹੈ ॥

ਗੁਰ ਕੀ ਮਹਮਾ ਕਥਨੁ ਨ ਜਾਇ ॥

# ਸ੍ਰੀ ਗੁਰ ਸੋਭਾ

ਅਰਥਾਤ

## ਸ੍ਰੀ ਕਲਗੀਧਰ--ਪੰਥ ਪ੍ਰਕਾਸ਼

—ਜਿਸ ਵਿਚ—

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹਜ਼ੂਰੀ
ਕਵੀਆਂ ਵਲੋਂ ਦਸਮ ਪਾਤਸ਼ਾਹ ਜੀ ਦੇ
ਜੁਧ ਜੰਗ, ਸਿਖ (ਖਾਲਸੇ) ਦੀ
ਤਾਰੀਫ ਅਤੇ ਭਵਿਖਤ ਵੀਚਾਰ
ਛੰਦਾ ਬੰਦੀ ਦਰਜ ਹਨ

ਜਿਸਨੂੰ

ਬੜੇ ਯਤਨ ਨਾਲ ਪ੍ਰਾਪਤ ਕਰਕੇ ਗੁਰਸਿਖਾਂ
ਦੇ ਲਾਭ ਲਈ ਅਕਾਲੀ ਕੌਰ ਸਿੰਘ ਨਿਹੰਗ
ਨੇ

---

ਪ੍ਰਦੇਸੀ ਮਾਲਵਾ ਪ੍ਰੈਸ ਅੰਮ੍ਰਿਤਸਰ ਵਿਚ
ਮੈਨੇਜਰ ਸ: ਜਬਰਜੰਗ ਸਿੰਘ ਦੇ ਅਧਕਾਰ
ਵਿਚ ਪੈਹਲੀ ਵੇਰ ਪ੍ਰਕਾਸ਼ਤ ਕਰਵਾਯਾ ॥

[ ਭਾਦਰੋਂ ੧੯੮੨ ਅਗਸਤ ੧੯੨੫ ]

ਸੰਮਤ ਸਤ੍ਹ ਸੈ ਭਏ ਬਰਖ*ਅਠਾਵਨ ਬੀਤ । ਭਾਦਵ ਸੁਦ ਪੰਦ੍ਰਸ ਭਈ ਰਚੀ ਕਥਾ ਕਰਿ ਪ੍ਰੀਤਿ ॥ ੬ ॥ ਸਤਿਗੁਰ ਕੀ ਉਪਮਾ ਕਹੋ ਦਿਵਸ ਰੈਨਿ ਬੀਚਾਰਿ । ਦੀਜੈ ਸੁਧਿ ਬੁਧਿ ਬਰ, ਕਰਨਹਾਰ ਕਰਤਾਰ ॥ ੭ ॥ ਚੌਪਈ॥ ਤ੍ਵਪ੍ਰਸਾਦਿ ਗੁਰੂ ਉਪਦੇਸੇ । ਜਨਮ ਜਨਮ ਕੇ ਮਿਟੇ ਅੰਦੇਸੇ । ਤਬ ਇਹ ਕੀਟ ਪਤਿਤ ਮਨਿ ਆਯੋ । ਭਈ ਕ੍ਰਿਪਾ ਗੁਰ ਮਾਰਗਿ ਪਾਯੋ॥ ੮॥ ਤਬ ਮਨ ਮੀਤ ਮੋਹਿ ਇਮ ਭਾਖੀ। ਪ੍ਰਗਟਿ ਕਹੌ ਸਤਿਗੁਰ ਕੀ ਸਾਖੀ ਜੋ ਪ੍ਰਭ ਗੁਰ ਕੋ ਬਚਨ ਸੁਨਾਏ । ਕਹੋਂ ਕਥਾ ਸੁਨੋ ਚਿਤ ਲਾਏ ॥ ੯ ॥ ਨਿਰਮਲ ਪੰਥ ਜੋਤਿ ਉਜਿਆਰੀ । ਦੀਰਘ ਪ੍ਰਬਲ ਸਬਲ ਅਤਿ ਭਾਰੀ । ਜਬ ਗੁਰ ਕਛੁ ਇਕ ਬੁਧਿ ਪ੍ਰਗਾਸੀ । ਦਯਾ ਕਰੀ ਪੂਰਨ ਅਬਿਨਾਸੀ ॥ ੧੦ ॥ ਸਤਿਗੁਰ ਸੋਭਾ ਇਹ ਤੇ ਕਹੌ । ਤਿਹ ਪਰਤਾਪ ਪ੍ਰਮ ਪਦ ਲਹੋ । ਪੂਰਨ ਪੁੰਨ ਪਰੇ ਤਿਹ ਸਰਨਾ । ਅਮਰ ਭਏ ਫਿਰਿ ਜਨਮਨ ਮਰਨਾ ੧੧॥ਅਬ ਸਤਿਗੁਰ ਕੇ ਨਾਮ ਬਖਾਨੋ । ਪਰਮ ਪੁਰਖ ਤਿਹ ਤੇ ਪਹਿਚਾਨੋ ।ਪ੍ਰਥਮੇ ਸਤਿਗੁਰ ਨਾਨਕ ਭਏ । ਅੰਗਦ ਅਮਰਦਾਸ ਪ੍ਰਗਟਏ ॥ ੧੨ ॥ ਤਿਹਤੇ ਰਾਮਦਾਸ ਗੁਰੂ ਜਾਨੋ । ਅਰਜਨ ਹਰਿਗੋਬਿੰਦ ਪਛਾਨੋ । ਤਿਹਤੇ ਗੁਰੂ ਭਏ ਹਰਿਰਾਇ । ਫੇਰਿ ਗੁਰੂ ਹਰਿ ਕ੍ਰਿਸਨ ਕਹਾਇ ॥ ੧੩ ॥ ਪ੍ਰਗਟ ਭਏ ਗੁਰ ਤੇਗ ਬਹਾਦਰ । ਸਗਲ ਜਿਸਟਿ ਪੈ ਢਾਪੀ ਚਾਦਰ । ਕਰਮ ਧਰਮ ਕੀ ਜਿਨਿ ਪਤਿ ਰਾਖੀ । ਅਟਲ ਕਰੀ ਕਲਜੁਗ ਮੈਂ ਸਾਖੀ॥ ੧੪ ॥ ਸਗਲ ਸ੍ਰਿਸਟਿ ਜਾਕਾਜਸ ਭਯੋ । ਜਿਹਤੇ ਸਰਬ

*'ਅਠਾਨਵ' ਭੀ ਪਾਠ ਹੋ ਸਕਦਾ ਹੈ (ਇਸਦਾ ਵੀਚਾਰ ਭੂਮਿਕਾ ਵਿਚ ਦੇਖੋ)।



ਧਰਮ ਬਚਾਯੋ । ਤੀਨ ਲੋਕ ਮੈ ਜੈ ਜੈ ਭਈ । ਸਤਿਗੁਰਿ ਪੈਜ ਰਾਖਿ ਇਮ ਲਈ ॥ ੧੫ ॥ ਤਿਲਕ ਜਨੇਊ ਅਤਿ ਧਰਮ-ਸਾਲਾ । ਅਟਲ ਕਰੀ ਗੁਰ ਭਏ ਦਿਆਲਾ। ਧਰਮ ਹੇਤਿ ਪ੍ਰਭ ਪੁਰਹਿ ਸਿਧਾਏ । ਗੁਰੂ ਗੋਬਿੰਦ ਸਿੰਘ ਕਹਿਲਾਏ ॥ ੧੬ ॥ ਸਵੈਯਾ ॥ ਗੁਰੂ ਤੇਗ ਬਹਾਦਰ ਤੇ ਗੁਰੂ ਗੋਬਿੰਦ ਸਿੰਘ ਭਯੋ ਤਾਰਣ ਤਰਣੰ । ਤ੍ਰਈ ਲੋਕ ਬਿਖੈ ਜੈਕਾਰ ਭਯੋ ਪ੍ਰਗਟਿਓ ਗੁਰੂ ਆਦਿ ਕ੍ਰਿਆ ਕਰਣੰ । ਦੁਸ਼ਟ ਬਿਡਾਰਣ ਸੰਤ ਉਬਾਰਣ ਸਬ ਜਗ ਤਾਰਣ ਭਵ ਹਰਣੰ । ਜੈ ਜੈ ਜੈ ਦੇਵ ਕਰੈ ਸਬ ਹੀ ਤਿਹਆਨ ਪਰੇ ਗੁਰ ਕੀ ਸਰਣੰ ॥ ੧੭ ॥ ਚੌਪਈ ॥ ਤਿਹ ਬਖਸੀਸ ਕਰੀ ਕਰਤਾਰਿ । ਪ੍ਰਭੂ ਬਾਕ ਇਮ ਕਹੋ ਬਿਚਾਰਿ । ਤੁਮ ਮੇਰਾ ਇਕ ਪੰਥ ਚਲਾਵੋ । ਸੁਮਤ ਦੇਹ ਲੋਗਨ ਸਮਝਾਵੋ ॥ ੧੮ ॥ ਜੋ ਪ੍ਰਾਨੀ ਜਮ ਮਗ ਤੇ ਡਰੈ । ਸੁਨ ਉਪਦੇਸ ਸਰਨਿ ਤੁਹਿ ਪਰੈ । ਜੋ ਪ੍ਰਭ ਪੰਥ ਰਚੈ ਰਚ ਪ੍ਰੀਤਿ । ਹੌਂ ਤਿਹ ਸੰਗਿ ਮੋਹਿ ਇਹ ਰੀਤਿ ॥ ੧੯ ॥ ਭਗਤਿ ਹੇਤ ਜੇਜੇ ਹਮ ਰਚੇ । ਲੈ ਲੈ ਸਿਧਿ ਜਗਤ ਮੈ ਮਚੇ । ਅਪਨੀ ਅਪਨੀ ਪੂਜ ਲਗਾਨੇ । ਅਪਨੇ ਆਪਿ ਆਪਿ ਉਰਝਾਨੇ ॥ ੨੦ ॥ ਹਮ ਸੋ ਇਹ ਬਿਧਿ ਕਰੇ ਕਰਾਰੀ । ਨਿਸ ਦਿਨ ਉਸਤਤਿ ਕਰਹਿ ਤਿਹਾਰੀ । ਬਚਨ ਬਿਸਾਰ ਰਹੇ ਬਿਖ ਮਾਹੀ । ਤਿਨਕੋ ਮੋਖ ਮੁਕਤਿ ਇਮ ਨਾਹੀ॥੨੧॥ਭੁਜੰਗ ਪ੍ਰਯਾਤ ਛੰਦ ॥ ਬਨਾਯੰ ਬਿਨਾਸੈਂ ਉਪਾਯੰ ਖਪਾਯੰ।ਕਰਨਹਾਰ ਕਰਤਾਰ ਜੋਨੀ ਭੁਲਾਯੰ। ਕਈ ਜੰਤ ਜੋਧਾ ਬਡੇ ਆਪਿ ਕੀਨੇ । ਤਿਨੈ ਸਿਸਟਿ ਮੈ ਆਨ ਸਰਬੰਸ ਦੀਨੇ ॥ ੨੨ ॥ ਉਦੇ ਅਸਤਿ ਲਉ ਰਾਜ ਰਾਜਾ ਕਹਾਏ । ਲਗੇ ਧਿਆਨ ਅਉਰੇ ਸੁ ਆਪੇ ਕਹਾਇ।ਬਡੇ ਰਾਛਸੈ

21381

# ਭੂਮਕਾ ਯਾ ਮੁਖਬੰਦ

'ਸਿਖ ਕੌਮ' ਪਾਸ ਅਪਨੇ ਜਨਮ 'ਦਾਤਾ'ਦੀ ਸ੍ਰੀ ਮੁਖ ਵਾਕ ਬਾਣੀ ਦਾ ਹੋਣਾ ਹੋਰ ਕੌਮਾਂ ਤੋਂ ਵਧੀਕ ਮਾਣ ਦਾ ਕਾਰਨ ਹੈ, ਪ੍ਰੰਤੂ ਜੇ ਇਸਦਾ ਇਤਿਹਾਸ ਭੀ ਅਰੰਭ ਸਮੇਂ ਦੇ ਵਿਦਵਾਨਾਂ ਦੀ ਕਲਮ ਦਾ ਹੋਵੇ ਤਦ ਇਸਜੇਸਾ ਸੁਭਾਗਜ ਕੌਣ ਹੈ ? ਕੌਮ ਦੇ ਵਿਦਵਾਨ ਮੰਨਦੇ ਹਨ ਕਿ 'ਗੁਰ ਸੋਭਾ' ਦਸਮ ਪਾਤਸ਼ਾਹ ਜੀ ਦੇ ਸਮੇਂ ਦੀ ਰਚਨਾ ਹੈ ਪ੍ਰੰਤੂ ਪ੍ਰਾਪਤੀ ਕਠਨ ਸੀ! ਬੜੇ ਯਤਨ ਨਾਲ ਦੋ ਪੁਸਤਕਾਂ ਮਿਲੀਆਂ ਹਨ, ਜਿਸਤੋਂ ਆਮ 'ਸਿਖ-ਸੰਗਤ, ਦੇ 'ਦ੍ਰਿਗ-ਰੰਜਨ' ਲਈ ਇਸ ਪੋਥੀ ਨੂੰ ਪ੍ਰਕਾਸ਼ਤ ਕਰੌਣ ਦਾ ਯਤਨ ਕੀਤਾ ਹੈ !!

ਇਸ ਵਿਚ ਦਸਮ ਪਾਤਸ਼ਾਹ ਜੀਦੇ 'ਅਨੰਦ ਪੁਰ, ਚਮਕੌਰ ਸਾਹਿਬ, ਤੋਂ ਇਲਾਵਾ ਹੋਰ ਭੀ ਜੰਗਾਂ ਦਾ ਜ਼ਿਕਰ, ਖਾਲਸੇ (ਸਿਖ) ਦੀ ਤਾਰੀਫ ਤੇ ਭਵਿਖਤ ਵੀਚਾਰ ਹਰ ਇਕ 'ਸਿਖ ਮਾਈ' ਭਾਈ ਦੇ ਵੀਚਾਰਨ ਯੋਗ ਹਨ।

ਇਸਦੇ ਅਰੰਭ ਦਾ ਸਮਾਂ ਜਿਥੇ ਬਿ: ਸੰ: ੧੭੫੯ ਹੋਣ ਦਾ ਪਤਾ ਲਗਦਾ ਹੈ ਉਥੇ ਇਕ ਤਰ੍ਹਾਂ ਦਾ ਭੇਦ ਕਰਕੇ ੧੭੯੯ ਭੀ ਇਸ ਦੀ ਰਚਨਾ ਦਾ ਸਮਾਂ ਕੇਹ ਦੇਣਾ ਭਾਂਵੇ ਕੋਈ ਅਯੋਗ ਨਹੀਂ!!ਪ੍ਰੰਤੂ ਇਹ ਨਿਰਣਾਂ ਵਿਦਵਾਨਾਂ ਦੀ ਖੋਜ ਪਰ ਛਡਕੇ ਇਤਨਾਂ ਤਾਂ ਨਿਰ ਵਿਵਾਦ ਮੰਨ ਸਕਦੇ ਹਾਂ ਕਿ ਇਸ ਗ੍ਰੰਥ ਦੀ ਰਚਨਾ ਕਰਨ ਵਾਲੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਜ਼ਰੂਰ ਹਜੂਰੀ ਸਿਖ (ਖਾਲਸਾ) ਕਵੀ ਸਨ ?

ਭਾਦੋ ੧੯੯੨ } ਪ੍ਰਾਰਥਕ ਪੰਥ ਦਾ ਦਾਸ:-
ਸ੍ਰੀ ਅੰਮ੍ਰਿਤਸਰ } ਅਕਾਲੀ ਕੌਰ ਸਿੰਘ ਨਿਹੰਗ

21381

੧ ਓ ਸ੍ਰੀ ਵਾਹਗੁਰੂ ਜੀ ਕੀ ਫਤੇ ਹੈ ॥

# ਸ੍ਰੀ ਗੁਰ ਸੋਭਾ ਗ੍ਰੰਥ ਲਿਖਿਯਤੇ।

## ਪ੍ਰਿਥਮ ਧਿਆਉ—ਪੰਥ ਪ੍ਰਗਾਸ ਬ੍ਰਨਨੰ ॥

ਖਾਲਸਾ ਬਾਚ ॥

ਦੋਹਰਾ ॥

ਇਕ ਸਮੈ ਹਿਤ ਸੋਂ ਹਿਤੂ ਉਚਰੀ ਹਿਤ ਚਿਤ ਲਾਇ। ਪ੍ਰਭ ਰਚਨਾ ਐਸੇ ਰਚੀ ਸੋ ਕਛੁ ਕਹੋ ਸੁਨਾਇ ॥ ੧ ॥

ਸਵੈਯਾ ॥ ਸੁਨਕੈ ਉਪਜੀ ਤਬਹੀ ਮਨਮੈਂ ਬਰਨੌ ਉਪਮਾ ਪ੍ਰਭ ਕੀ ਕਹੀਐ। ਮਤਿ ਥੋਰੀ ਸੀ ਥੋਰੀ ਹੁਤੇ ਛਿਨ ਏਕਸੁ ਤੇਰੀ ਦਿਆਲ ਦਯਾ ਚਹੀਐ। ਕਹਿਬੋ ਬਿਨਤੀ ਕਰਿ ਜੋਰਿ ਦੋਊ ਹਰਿ ਕੀਜੈ ਸੋਊ ਜੁ ਪਰੈ ਸਹੀਐ। ਤੁਮਰੀ ਉਪਮਾ ਤੁਮਹੀ ਬਰਨੋ ਕਰਿ ਆਪਨ ਤੇ ਕਰ ਮੋ ਗਹੀਐ ॥ ੨ ॥ ਦੋਹਰਾ ॥ ਮਤਿ ਥੋਰੀ ਉਪਮਾ ਘਨੀ ਕਿਹ ਬਿਧਿ ਬਰਨੀ ਜਾਇ। ਬਿਨਉ ਕਰੈ ਕਰਿ ਜੋਰਿ ਕਬਿ ਸਤਿਗੁਰ ਹੋਹੁ ਸਹਾਇ ॥ ੩ ॥ ਦੋਹਰਾ ॥ ਨਮਕਾਰ ਕਰਿ ਜੋਰਿਕੈ ਕਰਿਤ ਜੀਵ ਅਰਦਾਸਿ। ਰਚੋ ਗ੍ਰੰਥ ਤੁਮਰੀ ਕਥਾ ਕਰਹੁ ਬੁਧ ਪ੍ਰਗਾਸ ॥ ੪ ॥ਗੁਰ ਸੋਭਾ ਯਾ ਗ੍ਰੰਥ ਕੋ ਧਰੋ ਸੁ ਨਾਵ ਬਿਚਾਰ। ਸੁਨਤ ਕਹਤ ਗਤਿ ਹੋਤ ਹੈ ਮਨ ਅੰਤਰਿ ਉਰਧਾਰਿ ॥ ੫ ॥

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.